ਮੇਅਰ ਵਲੋਂ ਸਦਰਨ ਕ੍ਰਾਸ ਆਸਟ੍ਰੇਲੀਆ ਐਜੂਕੇਸ਼ਨ ਕੇਂਦਰ ਦਾ ਉਦਘਾਟਨ

ਚੰਡੀਗੜ੍ਹ ਦੇ ਸੈਕਟਰ-9 ਵਿਖੇ ਆਸਟ੍ਰੇਲੀਆਈ ਕੇਂਦਰ ਦਾ ਉਦਘਾਟਨ ਕਰਦੇ ਮੇਅਰ ਸ੍ਰੀ ਪ੍ਰਦੀਪ ਛਾਬੜਾ। ਸਪੋਕਸਮੈਨ ਫ਼ੋਟੋ : ਸੰਤੋਖ ਸਿੰਘ

ਚੰਡੀਗੜ੍ਹ, 5 ਫ਼ਰਵਰੀ (ਗਰੋਵਰ) : ਚੰਡੀਗੜ੍ਹ ਜਾਂ ਪੰਜਾਬ ਤੋਂ ਆਸਟ੍ਰੇਲੀਆ ਜਾਣ ਵਾਲੇ ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ-ਨਾਲ ਹੋਰ ਦਿਸ਼ਾ-ਨਿਰਦੇਸ਼ ਦੇਣ ਲਈ ਆਸਟ੍ਰੇਲੀਆ ਤੋਂ ਆਈ ਗੇਲ ਬੇਕਰ ਨੇ ਸਦਰਨ ਕਰਾਸ ਆਸਟ੍ਰੇਲੀਆ ਐਜੂਕੇਸ਼ਨ ਸੈਂਟਰ ਅੱਜ ਇਥੇ ਸੈਕਟਰ-9 ਵਿਚ ਸ਼ੁਰੂ ਕਰਨ ਦਾ ਐਲਾਨ ਕੀਤਾ। ਇਸ ਕੇਂਦਰ ਦਾ ਉਦਘਾਟਨ ਨਗਰ ਨਿਗਮ ਦੇ ਮੇਅਰ ਪ੍ਰਦੀਪ ਛਾਬੜਾ ਨੇ ਕੀਤਾ।

ਇਸ ਮੌਕੇ ਸਰਵਿਸ ਕੇਂਦਰ ਦੀ ਮੁਖੀ ਗੇਲ ਬੇਕਰ ਨੇ ਦਸਿਆ ਕਿ ਇਸ ਕੇਂਦਰ 'ਚ ਆਸਟ੍ਰੇਲੀਆ ਜਾ ਕੇ ਪੜ੍ਹਾਈ ਦੇ ਨਾਲ-ਨਾਲ ਕੰਮ ਕਰਨ ਲਈ ਸਿਖਲਾਈ ਅਤੇ ਸੇਧ ਦਿਤੀ ਜਾਵੇਗੀ ਤਾਕਿ ਉਥੇ ਜਾ ਕੇ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦਸਿਆ ਕਿ ਉਹ ਅਗਲੇ ਕੁੱਝ ਸਮੇਂ ਵਿਚ ਅੰਮ੍ਰਿਤਸਰ, ਪਟਿਆਲਾ, ਜਲੰਧਰ ਅਤੇ ਦਿੱਲੀ 'ਚ ਵੀ ਅਪਣੇ ਕੇਂਦਰ ਸਥਾਪਤ ਕਰਨਗੇ।

ਜ਼ਿਕਰਯੋਗ ਹੈ ਕਿ ਗੇਲ ਪਿਛਲੇ 20 ਸਾਲਾਂ ਤੋਂ ਸਿਖਿਆ ਦੇ ਖੇਤਰ ਵਿਚ ਕੰਮ ਕਰ ਰਹੀ ਹੈ ਅਤੇ ਕਈ ਯੂਨੀਵਰਸਿਟੀਆਂ ਤੋਂ ਇਸ ਖੇਤਰ ਵਿਚ ਡਿਗਰੀਆਂ ਅਤੇ ਡਿਪਲੋਮਾ ਪ੍ਰਾਪਤ ਹਨ।

ਆਈ. ਟੀ. ਪਾਰਕ ਲਈ ਸਮਾਂਬੱਧ ਪ੍ਰਾਜੈਕਟ ਪੂਰਾ ਕਰਨ ਲਈ ਪ੍ਰਸ਼ਾਸਨ ਵਲੋਂ ਕਮੇਟੀ ਦਾ ਗਠਨ

ਚੰਡੀਗੜ੍ਹ, 5 ਫ਼ਰਵਰੀ (ਸੁਸ਼ੀਲ ਗਰੋਵਰ) : ਚੰਡੀਗੜ੍ਹ ਪ੍ਰਸ਼ਾਸਨ ਨੇ ਆਈ. ਟੀ ਪਾਰਕ ਨਾਲ ਸਬੰਧਤ ਵਿਕਾਸ ਦੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਇਕ ਕਮੇਟ ਦਾ ਗਠਨ ਕੀਤਾ ਹੈ, ਜਿਹੜੇ ਇਥੇ ਬਣਾਏ ਜਾ ਰਹੇ ਰਿਹਾਇਸ਼ੀ ਅਤੇ ਵਪਾਰਕ ਖੇਤਰਾਂ ਲਈ ਮੁਢਲੀਆਂ ਸਹੂਲਤਾਂ ਮੁਹਈਆ ਕਰਵਾਉਣ ਲਈ ਵਿਚਾਰ ਕਰੇਗੀ।

ਇਸ ਕਮੇਟੀ ਦੇ ਚੇਅਰਮੈਨ ਵਿੱਤ ਸਕੱਤਰ ਸੰਜੈ ਕੁਮਾਰ ਹੋਣਗੇ ਜਦਕਿ ਹਾਊਸਿੰਗ ਬੋਰਡ ਦੇ ਸੀ. ਈ. ਓ. ਅਮਰਨਾਥ, ਚੇਅਰਮੈਨ ਹਾਊਸਿੰਗ ਬੋਰਡ ਮੋਹਨਜੀਤ ਸਿੰਘ, ਡਿਪਟੀ ਕਮਿਸ਼ਨਰ ਆਰ. ਕੇ. ਰਾਉ, ਨਗਰ ਨਿਗਮ ਦੇ ਕਮਿਸ਼ਨਰ, ਮੁੱਖ ਫ਼ਾਇਰ ਅਫ਼ਸਰ, ਚੀਫ਼ ਇੰਜੀਨੀਅਰ ਅਤੇ ਚੀਫ਼ ਆਰਕੀਟੈਕਟ ਇਸ ਦੇ ਮੈਂਬਰ ਹੋਣਗੇ। ਆਈ. ਟੀ. ਪਾਰਕ ਵਿਚ ਪ੍ਰਾਈਵੇਟ ਬਿਲਡਰਾਂ ਦੇ ਸਹਿਯੋਗ ਨਾਲ 123.79 ਕਰੋੜ ਦਾ ਰਿਹਾਇਸ਼ੀ ਅਤੇ ਵਪਾਰਕ ਪ੍ਰਾਜੈਕਟ ਬਣਾਇਆ ਜਾ ਰਿਹਾ ਹੈ। ਇਸ ਪ੍ਰਾਜੈਕਟ ਨੂੰ ਸਮੇਂ 'ਤੇ ਪੂਰਾ ਕਰਨ ਲਈ ਇਹ ਕਮੇਟੀ ਸਮੇਂ-ਸਮੇਂ 'ਤੇ ਇਸ ਨੂੰ ਚੈੱਕ ਕਰਦੀ ਰਹੇਗੀ।